Roll No. | | | | | | | |

Series SHC **Code No. 226/1**

- Please check that this question paper contains 5 printed pages.
- Code number given on the right hand side of the question paper should be written on the title page of the answer-book by the candidate.
- Please check that this question paper contains 24 questions.
- Please write down the serial number of the question before attempting it.

ECONOMICS

(Punjabi Version)

ਅਰਥਸ਼ਾਸਤ੍ਰ

(ਪੰਜਾਬੀ ਉਲਥਾ)

Time allowed : 3 hours *Maximum Marks : 100*

ਸਮਾਂ ਸੀਮਾਂ : 3 ਘੰਟੇ *ਪੂਰਣ ਅੰਕ : 100*

ਵਿਆਪਕ ਨਿਰਦੇਸ਼ :

(i) *ਦੋਨਾਂ ਖੰਡਾਂ ਦੇ ਸਾਰੇ ਪ੍ਰਸ਼ਨ ਜ਼ਰੂਰੀ ਹਨ ।*

(ii) *ਹਰ ਇਕ ਪ੍ਰਸ਼ਨ ਦੇ ਨਿਰਧਾਰਿਤ ਅੰਕ ਉਸਦੇ ਸਾਹਮਣੇ ਦਿਤੇ ਗਏ ਹਨ ।*

(iii) *ਪ੍ਰਸ਼ਨ ਨੰ. 1 ਅਤੇ 13 ਬਹੁਤ ਛੋਟੇ ਉੱਤਰ ਦੇ ਪ੍ਰਸ਼ਨ ਹਨ ਜਿਨ੍ਹਾਂ ਦਾ ਹਰ ਇਕ ਭਾਗ 1 ਅੰਕ ਦਾ ਹੈ । ਇਸ ਦਾ ਉੱਤਰ ਇਕ ਵਾਕ ਵਿੱਚ ਹੀ ਦਿੱਤਾ ਜਾਣਾ ਹੈ ।*

(iv) *ਪ੍ਰਸ਼ਨ ਨੰ. 2 - 5 ਅਤੇ 14 - 17 ਛੋਟੇ ਉੱਤਰ ਦੇ ਪ੍ਰਸ਼ਨ ਹਨ ਜਿਨ੍ਹਾਂ ਵਿੱਚ ਹਰ ਇਕ ਦੇ 3 ਅੰਕ ਹਨ । ਹਰ ਇਕ ਦਾ ਉੱਤਰ ਆਮ ਕਰਕੇ 60 ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ ਹੈ ।*

(v) *ਪ੍ਰਸ਼ਨ ਨੰ. 6 - 9 ਅਤੇ 18 - 21 ਵੀ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ ਜਿਨ੍ਹਾਂ ਵਿੱਚ ਹਰ ਇਕ ਦੇ 4 ਅੰਕ ਹਨ । ਹਰ ਇਕ ਦਾ ਉੱਤਰ ਆਮ ਕਰਕੇ 70 ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ ਹੈ ।*

(vi) *ਪ੍ਰਸ਼ਨ ਨੰ. 10 - 12 ਅਤੇ 22 - 24 ਵਿਆਖਿਆਤਮਕ ਉੱਤਰ ਵਾਲੇ ਪ੍ਰਸ਼ਨ ਹਨ । ਜਿਨ੍ਹਾਂ ਵਿੱਚ ਹਰ ਇਕ ਦੇ 6 ਅੰਕ ਹਨ । ਹਰ ਇਕ ਦਾ ਉੱਤਰ ਆਮ ਕਰਕੇ 100 ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ ਹੈ ।*

(vii) *ਉੱਤਰ ਸੰਖੇਪ ਅਤੇ ਤਥਆਤਮਕ ਹੋਣੇ ਚਾਹੀਦੇ ਹਨ ਅਤੇ ਸੰਭਵ ਉੱਤਰ ਸੀਮਾਂ ਵਿੱਚ ਹੀ ਦਿੱਤੇ ਜਾਣ ।*

(viii) *ਹਰ ਪ੍ਰਸ਼ਨ ਦੇ ਸਾਰੇ ਭਾਗਾਂ ਦਾ ਉੱਤਰ ਇਕ ਹੀ ਥਾਂ ਤੇ ਦਿੱਤਾ ਜਾਵੇ ।*

ਖੰਡ A

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ : 1×4=4

   (i) ਦੋ ਕਾਰਣ ਦਿਉ ਜਿਹੜੇ ਚੌਣ ਦੀ ਸਮਸਿਆ ਨੂੰ ਜਨਮ ਦੇਂਦੇ ਹਨ ।

   (ii) ਇਕ ਕਾਰਨ ਦਸੋ ਜਿਸ ਨਾਲ ਉਤਪਾਦਨ ਸੰਭਾਵਨਾ ਵਕ੍ਰ ਸੱਜੇ ਪਾਸੇ ਖਿਸਕ ਜਾਂਦਾ ਹੈ ।

   (iii) ਵਿਅਕੱਤੀਗਤ ਅਰਥਸ਼ਾਸਤ੍ਰੀ ਅਧਿਐਨ ਦੀਆਂ ਦੋ ਉਦਹਾਰਣਾਂ ਦਿਉ ।

   (iv) 'ਕਿਸਦੇ ਲਈ ਉਤਪਾਦਨ ਕਰੀਏ' ਦੀ ਸਮਸਿਆ ਤੋਂ ਕੀ ਭਾਵ ਹੈ ?

2. ਸੰਬੰਧਿਤ ਵਸਤੂਆਂ ਦੀ ਕੀਮਤਾਂ ਵਿਚ ਵਰਿਧੀ ਦੇ ਵਸਤੂ ਦੀ ਮੰਗ ਤੇ ਪ੍ਰਭਾਵ ਦੀ ਵਿਆਖਿਆ ਕਰੋ । 3

3. ਪੂਰਤੀ ਦੇ ਘਟਣ ਦੇ ਤਿੰਨ ਕਾਰਣ ਦਸੋ । 3

4. ਸੀਮਾਂਤ ਉਤਪਾਦ ਅਤੇ ਕੁਲ ਉਤਪਾਦ ਵਿੱਚ ਸੰਬੰਧ ਸਮਝਾਉ । 3

5. ਪੂਰਤੀ ਦੀ ਕੀਮਤ ਲੋਚ (i) ਇਕ (ii) ਇਕ ਤੋਂ ਘਟ ਅਤੇ (iii) ਇਕ ਤੋਂ ਵਧ ਦਿਖਾਂਦੇ ਹੋਏ ਸਿਧੀ ਰੇਖਾ ਵਾਲੀ ਪੂਰਤੀ ਵਕ੍ਰ ਖਿਚੋ । 3

ਕੇਵਲ ਨੇਤ੍ਰਹੀਨ ਪ੍ਰੀਖਿਆਰਥੀਆਂ ਲਈ ਪ੍ਰਸ਼ਨ ਨੰ. 5 ਦੀ ਥਾਂ ਤੇ

ਸਥਿਰ ਲਾਗਤ ਅਤੇ ਬਦਲਦੀ ਲਾਗਤ ਵਿੱਚ ਅੰਤਰ ਦਸੋ ਅਤੇ ਹਰ ਇਕ ਦਾ ਇਕ ਉਦਹਾਰਣ ਦਿਉ ।

6. ਜਦੋਂ ਇਕ ਵਸਤੂ ਦੀ ਕੀਮਤ 10 ਪ੍ਰਤਿਸ਼ਤ ਘਟਦੀ ਹੈ ਤਾ ਉਸਦੀ ਮੰਗ 40 ਇਕਾਈਆਂ ਤੋਂ ਵਧ ਕੇ 50 ਇਕਾਈਆਂ ਹੋ ਜਾਂਦੀ ਹੈ । ਪ੍ਰਤਿਸ਼ਤ ਵਿਧੀ ਦੁਆਰਾ ਮੰਗ ਦੀ ਕੀਮਤ ਲੋਚ ਦਾ ਪਰਿਕਲਨ ਕਰੋ । 4

ਜਾਂ

ਇਕ ਉਪਭੋਗਤਾ 10 ਰੁਪਏ ਪ੍ਰਤਿ ਇਕਾਈ ਕੀਮਤ ਤੇ ਇਕ ਵਸਤੂ ਦੀਆਂ 50 ਇਕਾਈਆਂ ਦੀ ਖਰੀਦ ਕਰਦਾ ਹੈ । ਜਦੋਂ ਉਸ ਦੀ ਕੀਮਤ ਘਟ ਕੇ 5 ਰੁਪਏ ਪ੍ਰਤਿ ਇਕਾਈ ਹੋ ਜਾਂਦੀ ਹੈ ਤਾਂ ਉਹ 100 ਇਕਾਈਆਂ ਦੀ ਖਰੀਦ ਕਰਦਾ ਹੈ । 'ਕੁਲ ਖਰਚ ਵਿੱਧੀ' ਦੁਆਰਾ ਮੰਗ ਦੀ ਕੀਮਤ ਲੋਚ ਮਲੂਮ ਕਰੋ ।

7. (i) ਸੀਮਾਂਤ ਭੌਤਿਕ ਉਤਪਾਦ, (ii) ਸੀਮਾਂਤ ਲਾਗਤ, (iii) ਸੀਮਾਂਤ ਆਮਦਨ ਅਤੇ (iv) ਪੂਰਤੀ ਤਾਲਿਕਾ ਦੇ ਅਰਥ ਦਸੋ । 4

8. ਇਕ ਫ਼ਰਮ ਦੀ ਕੁਲ ਸਥਿਰ ਲਾਗਤ 12 ਰੁਪਏ ਹੈ । ਉਸ ਦੀ ਹੇਠ ਲਿਖੀ ਲਾਗਤ ਅਨੁਸੂਚੀ ਦੇ ਆਧਾਰ ਤੇ ਕੁਲ ਪਰਿਵਰਤਨੀ ਲਾਗਤ ਅਤੇ ਸੀਮਾਂਤ ਲਾਗਤ ਮਲੂਮ ਕਰੋ : 4

ਉਤਪਾਦਨ (ਇਕਾਈਆਂ)	ਕੁਲ ਹਾਗਤ (ਰੁਪਏ)
1	20
2	26
3	31
4	38

9. ਇਕ ਵਸਤੂ ਦੇ ਮੰਗ ਵਕ੍ਰ ਦੇ ਖਬੇ ਵਲ ਖਿਸਕਣ ਨਾਲ ਉਸਦੀ ਸੰਤੁਲਨ ਕੀਮਤ ਕਿਵੇਂ ਪ੍ਰਭਾਵਿਤ ਹੁੰਦੀ ਹੈ ? ਇਕ ਰੇਖਾਚਿਤ੍ਰ ਦੀ ਸਹਾਇਤਾ ਨਾਲ ਸਮਝਾਉ । 4

ਕੇਵਲ ਨੇਤ੍ਰਹੀਨ ਪ੍ਰੀਖਿਆਰਥੀਆਂ ਲਈ ਪ੍ਰਸ਼ਨ ਨੰ. 9 ਦੀ ਥਾਂ ਤੇ

ਇਕ ਵਸਤੂ ਦੀ ਮੰਗ ਘਟ ਹੋਣ ਨਾਲ ਉਸ ਦੀ ਸੰਤੁਲਨ ਕੀਮਤ ਅਤੇ ਮਾਤ੍ਰਾ ਕਿਵੇਂ ਪ੍ਰਭਾਵਿਤ ਹੁੰਦੀ ਹੈ ?

10. ਹੇਠ ਲਿਖਿਆਂ ਵਿੱਚ ਭੇਦ ਕਰੋ : 6

(a) ਸਾਧਾਰਨ ਵਸਤੂ ਅਤੇ ਘਟੀਆ ਵਸਤੂ

(b) ਸੀਮਾਂਤ ਉਪਯੋਗਿਤਾ ਅਤੇ ਕੁਲ ਉਪਯੋਗਿਤਾ

(c) ਵਿਅਕਤੀਗਤ ਮੰਗ ਅਨੁਸੂਚੀ ਅਤੇ ਬਾਜ਼ਾਰ ਮੰਗ ਅਨੁਸੂਚੀ

11. ਹੇਠ ਲਿਖਿਆਂ ਤੋ ਪਰਿਵਰਤਨੀ ਅਨੁਪਾਤਾਂ ਦੇ ਨਿਯਮ ਦੇ ਤਿੰਨ ਚਰਣਾਂ ਦੀ ਪਹਿਚਾਣ ਕਰੋ ਅਤੇ ਹਰ ਇਕ ਚਰਣ ਦੇ ਪਿਛੇ ਕਾਰਣ ਵੀ ਦਸੋ : 6

ਪਰਿਵਰਤਨੀ ਲਾਗਤ (ਇਕਾਈਆਂ)	ਕੁਲ ਭੌਤਿਕ ਉਤਪਾਦ (ਇਕਾਈਆਂ)
1	10
2	22
3	30
4	35
5	30

12. ਪੂਰਣ ਪ੍ਰਤਿਯੋਗਿਤਾ ਦੀਆਂ ਤਿੰਨ ਵਿਸ਼ੇਸ਼ਤਾਈਆਂ ਸੰਖੇਪ ਵਿੱਚ ਸਮਝਾਉ । 6

ਜਾਂ

ਏਕਾਧਿਕਾਰ ਬਾਜ਼ਾਰ ਦੀਆਂ ਵਿਸ਼ੇਸ਼ਤਾਈਆਂ ਸਮਝਾਉ ।

ਖੰਡ B

13. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ : 1×4

(i) ਸਮੂਹ ਅਰਥ-ਸ਼ਾਸਤ੍ਰ (macroeconomics) ਦੀ ਪਰਿਭਾਸ਼ਾ ਦਿਉ ।

(ii) ਅਰਥ-ਵਿਵਸਥਾ ਦੇ ਇਕੱਠਾਂ ਦੇ ਅਧਿਐਨ ਦੀਆਂ ਦੋ ਉਦਹਾਰਣਾਂ ਦਿਉ ।

(iii) ਭੁਗਤਾਨ ਸੰਤੁਲਨ ਖਾਤੇ ਦੇ ਪੂੰਜੀਗਤ ਖਾਤੇ ਦੀਆਂ ਦੋ ਮਦਾਂ ਦਸੋ ।

(iv) ਵਸਤੂਆਂ ਦੇ ਨਿਰਯਾਤ ਅਤੇ ਵਸਤੂਆਂ ਦੇ ਆਯਾਤ ਦੇ ਮੁਲਾਂ ਦੇ ਅੰਤਰ ਨੂੰ ਕੀ ਕਹਿੰਦੇ ਹਨ ?

14. ਹੇਠ ਲਿਖੇ ਆਂਕੜਿਆਂ ਤੋਂ ਵਿਅਕਤੀਗਤ ਆਮਦਨ ਦਾ ਪਰਿਕਲਨ ਕਰੋ : 3

		(ਕਰੋੜ ਰੁਪਏ)
(i)	ਨਿਗਮਾਂ ਦੇ ਅਵਿਤਰਿਤ ਲਾਭ	20
(ii)	ਨਿਜੀ ਖੇਤਰ ਨੂੰ ਪ੍ਰਾਪਤ ਸ਼ੁਧ ਘਰੇਲੂ ਉਤਪਾਦ	500
(iii)	ਨਿਗਮ ਕਰ	55
(iv)	ਵਿਦੇਸ਼ਾਂ ਤੋਂ ਪ੍ਰਾਪਤ ਸ਼ੁਧ ਸਾਧਨ ਆਮਦਨ	(—) 10
(v)	ਸਰਕਾਰ ਤੋਂ ਪ੍ਰਾਪਤ ਸ਼ੁਧ ਪੂੰਜੀਤਰ (ਚਾਲੂ) ਹਸੱਤਾਂਤਰਣ	15
(vi)	ਰਾਸ਼ਟ੍ਰੀ ਰਿਣ ਤੇ ਵਿਆਜ	40
(vii)	ਸ਼ੇਸ਼ ਵਿਸ਼ਵ ਤੋਂ ਸ਼ੁਧ ਪੂੰਜੀਤਰ (ਚਾਲੂ) ਹਸਤਾਂਤਰਣ	15

15. ਨਿਵੇਸ਼ ਵਿੱਚ ਵਰਿਧੀ ਤੋਂ ਰਾਸ਼ਟ੍ਰੀ ਆਮਦਨ ਵਿੱਚ 500 ਕਰੋੜ ਰੁਪਏ ਦੀ ਵਰਿਧੀ ਹੋਈ । ਜੇਕਰ ਸੀਮਾਂਤ ਉਪਭੋਗ ਪ੍ਰਵਿਰਤੀ 0·9 ਹੋਵੇ, ਤਾਂ ਨਿਵੇਸ਼ ਵਿੱਚ ਹੋਈ ਵਰਿਧੀ ਦਾ ਪਰਿਕਲਨ ਕਰੋ । 3

16. (i) ਸਮੁੱਚੀ ਮੰਗ, (ii) ਸਮੁੱਚੀ ਪੂਰਤੀ ਅਤੇ (iii) ਵਧੀਕ ਮੰਗ ਦੇ ਅਰਥ ਦਸੋ । 3

17. ਵਿਦੇਸ਼ੀ ਮੁਦਰਾ ਵਟਾਂਦਰਾ (ਵਿਨਿਮਯ) ਦਰ ਕਿਵੇਂ ਨਿਰਧਾਰਣ ਹੁੰਦੀ ਹੈ ? ਰੇਖਾਚਿਤ੍ਰ ਦਾ ਉਪਯੋਗ ਕਰੋ । 3

ਕੇਵਲ ਨੇਤ੍ਰਹੀਨ ਪ੍ਰੀਖਿਆਰਥੀਆਂ ਲਈ ਪ੍ਰਸ਼ਨ ਨੰ. 17 ਦੀ ਥਾਂ ਤੇ

ਵਿਦੇਸ਼ੀ ਵਿਨਿਮਯ ਬਾਜ਼ਾਰ ਤੋਂ ਕੀ ਭਾਵ ਹੈ ? ਇਸ ਬਾਜ਼ਾਰ ਵਿੱਚ ਵਿਦੇਸ਼ੀ ਵਿਨਿਮਯ ਦਰ ਦਾ ਨਿਰਧਾਰਣ ਕਿਵੇਂ ਹੁੰਦਾ ਹੈ ?

18. ਮੁਦਰਾ ਪੂਰਤੀ ਦਾ ਅਰਥ ਦਸੋ । ਇਸ ਦੇ ਘਟਕ ਦਸੋ । 4

ਜਾਂ

ਮੁਦਰਾ ਦਾ ਅਰਥ ਦਸੋ । ਇਸ ਦੇ 'ਵਟਾਂਦਰਾ ਦੇ ਮਾਧਿਅਮ' ਕਾਰਯ ਦੀ ਵਿਆਖਿਆ ਕਰੋ ।

19. ਕੇਂਦ੍ਰੀ ਬੈਂਕ ਦਾ 'ਸਰਕਾਰ ਦਾ ਬੈਂਕਰ' ਕਾਰਯ ਸੰਖੇਪ ਵਿੱਚ ਸਮਝਾਉ । 4

20. 'ਰਾਜਸਵ ਖਰਚ' ਅਤੇ 'ਪੂੰਜੀਗਤ ਖਰਚ' ਵਿੱਚ ਅੰਤਰ ਦਸੋ । ਹਰ ਇਕ ਦੀਆਂ ਦੋ ਦੋ ਉਦਹਾਰਣਾਂ ਦਿਉ । 4

21. 'ਰਾਜਕੋਸ਼ੀ ਘਾਟੇ' ਅਤੇ 'ਰਾਜਸਵ ਘਾਟੇ' ਵਿੱਚ ਅੰਤਰ ਦਸੋ । ਰਾਜਕੋਸ਼ੀ ਘਾਟਾ ਕੀ ਦਰਸਾਂਦਾ ਹੈ ? 4

22. ਹੇਠ ਲਿਖੇ ਆਂਕੜਿਆਂ ਤੋਂ ਬਾਜ਼ਾਰ ਮੁਲ ਤੇ ਸਮੁੱਚਾ ਰਾਸ਼ਟ੍ਰੀ ਉਤਪਾਦ ਅਤੇ ਨਿਰੋਲ ਰਾਸ਼ਟ੍ਰੀ ਪ੍ਰਯੋਜੱਯ (disposable) ਆਮਦਨ ਦਾ ਪਰਿਕਲਨ ਕਰੋ : 4, 2

		(ਕਰੋੜ ਰੁਪਏ)
(i)	ਸਰਕਾਰ ਤੋਂ ਪੂੰਜੀਤਰ (ਚਾਲੂ) ਹਸਤਾਂਤਰਣ	25
(ii)	ਕਰਮਚਾਰੀਆਂ ਦਾ ਮੁਆਵਜ਼ਾ	600
(iii)	ਸ਼ੇਸ਼ ਵਿਸ਼ਵ ਤੋਂ ਨਿਰੋਲ ਪੂੰਜੀਤਰ (ਚਾਲੂ) ਹਸਤਾਂਤਰਣ	20
(iv)	ਕਿਰਾਇਆ	100
(v)	ਸਥਿਰ (ਅਚਲ) ਪੂੰਜੀ ਦਾ ਉਪਭੋਗ	50
(vi)	ਵਿਆਜ	120
(vii)	ਨਿਰੋਲ ਅਪ੍ਰਤੱਖ ਕਰ	110
(viii)	ਲਾਭ	80
(ix)	ਸਵੈ-ਨਿਯੋਜਿਤਾਂ ਦੀ ਮਿਸ਼ਰਤ ਆਮਦਨ	200
(x)	ਵਿਦੇਸ਼ਾਂ ਤੋਂ ਨਿਰੋਲ ਕਾਰਕ ਆਮਦਨ	(—) 10

23. ਰਾਸ਼ਟ੍ਰੀ ਆਮਦਨ ਮਾਪਣ ਦੀ 'ਖਰਚ' ਵਿਧੀ ਸਮਝਾਉ । 6

ਜਾਂ

'ਕਰਮਚਾਰੀਆਂ ਦੇ ਮੁਆਵਜ਼ੇ' ਦੀ ਅਵਧਾਰਣਾ ਅਤੇ ਇਸ ਦੇ ਘਟਕ ਸਮਝਾਉ । ਕਾਰਣ ਦੇਂਦੇ ਹੋਏ ਦਸੋ ਕਿ ਹੇਠ ਲਿਖਿਆ ਨੂੰ ਕਰਮਚਾਰੀਆਂ ਦਾ ਮੁਆਵਜ਼ਾ ਮੰਨਿਆ ਜਾਵੇਗਾ ਜਾਂ ਨਹੀਂ :

(i) ਨਿਯੋਜਕਾਂ ਦੁਆਰਾ ਕਰਮਚਾਰੀਆਂ ਨੂੰ ਉਪਹਾਰ (ਤੋਹਫੇ)

(ii) ਬੋਨਸ

24. ਸੰਮੂਹ ਅਰਥ-ਸ਼ਾਸਤ੍ਰ ਵਿੱਚ 'ਮੰਗ ਦੇ ਅਭਾਵ' ਤੋਂ ਕੀ ਭਾਵ ਹੈ ? ਇਸ ਨੂੰ ਇਕ ਰੇਖਾਚਿਤ੍ਰ ਤੇ ਵਿਖਾਉ । ਇਸ ਨੂੰ ਦੂਰ ਕਰਨ ਵਿੱਚ ਖੁਲ੍ਹੇ ਬਾਜ਼ਾਰ ਦੀਆਂ ਪ੍ਰਕ੍ਰਿਆਵਾਂ ਦੀ ਭੂਮਿਕਾ ਸਮਝਾਉ । 6

ਕੇਵਲ ਨੇਤ੍ਰਹੀਨ ਪ੍ਰੀਖਿਆਰਥੀਆਂ ਲਈ ਪ੍ਰਸ਼ਨ ਨੰ. 24 ਦੀ ਥਾਂ ਤੇ

ਸਮੂਹ ਅਰਥ-ਸ਼ਾਸਤ੍ਰ ਵਿੱਚ 'ਮੰਗ ਦੇ ਅਭਾਵ' ਅਤੇ 'ਵਾਧੂ ਮੰਗ' ਵਿੱਚ ਅੰਤਰ ਦਸੋ । ਮੰਗ ਦਾ ਅਭਾਵ ਦੂਰ ਕਰਨ ਵਿੱਚ ਖੁਲ੍ਹੇ ਬਾਜ਼ਾਰ ਦੀ ਪ੍ਰਕ੍ਰਿਆਵਾਂ ਦੀ ਭੂਮਕਾ ਸਮਝਾਉ ।